# ਪ੍ਰੈਸ ਨੋਟ

## ਸਿਪਾਹੀਆਂ ਦੀ ਭਰਤੀ ਲਈ ਸਰੀਰਕ ਕੁਸ਼ਲਤਾ ਟੈਸਟ ਸ਼ੁਰੂ

ਜਿਲਾ ਪੁਲਿਸ ਕਾਡਰ ਹੁਸ਼ਿਆਰਪੁਰ ਲਈ ਪੁਰਸ਼ ਸਿਪਾਹੀਆਂ ਦੀਆਂ ਖਾਲੀ ਅਸਾਮੀਆਂ ਭਰਨ ਲਈ ਮਾਹ ਸਤੰਬਰ ਅਤੇ ਦਸੰਬਰ 2010 ਵਿਚ ਅਖਬਾਰੀ ਇਸ਼ਤਿਹਾਰ ਦੇ ਆਧਾਰ ਤੇ ਜਿਨਾਂ ਉਮੀਦਵਾਰਾਂ ਨੇ ਜਿਲਾ ਪੁਲਿਸ ਹੁਸ਼ਿਆਰਪੁਰ ਲਈ ਪੁਰਸ਼ ਸਿਪਾਹੀਆ ਦੀ ਭਰਤੀ ਲਈ ਬਿਨੈ ਪੱਤਰ ਭਰੇ ਸਨ। ਇਸ ਸਬੰਧ ਵਿੱਚ 135 ਪੋਸਟਾਂ ਲਈ 6000 ਫਾਰਮ ਪ੍ਰਾਪਤ ਹੋਏ ਹਨ।

1. ਉਮੀਦਵਾਰਾ ਨੂੰ ਭਰਤੀ ਲਈ ਦਾਖਲਾ ਕਾਰਡ/ਰੋਲ ਨੰਬਰ ਮਿਤੀ 31/01/2011 ਨੂੰ ਜਿਲਾ ਪੁਲਿਸ ਲਾਈਨ ਹੁਸ਼ਿਆਰਪੁਰ ਵਿਖੇ ਸਵੇਰੇ 08.00ਤੋਂ ਜਾਰੀ ਕੀਤੇ ਜਾਣਗੇ। ਇਸ ਲਈ ਉਮੀਦਵਾਰਾਂ ਨੂੰ ਆਪ ਪੁਲਿਸ ਲਾਈਨ ਹੁਸ਼ਿਆਰਪੁਰ ਵਿੱਖੇ ਹਾਜਰ ਆਉਣਾ ਹੋਵੇਗਾ।
2. ਮਿਤੀ 31/01/2011 ਨੂੰ 8:00 ਵਜੇ ਸਵੇਰ ਤੋਂ ਬਾਦ ਆਉਣ ਵਾਲੇ ਕਿਸੇ ਵੀ ਉਮੀਦਵਾਰ ਨੂੰ ਵਿਚਾਰਿਆ ਨਹੀਂ ਜਾਵੇਗਾ ਨਾ ਹੀ ਕਿਸੇ ਤਰਾਂ ਦਾ ਕੋਈ ਕਲੇਮ ਦਰਜ ਕੀਤਾ ਜਾਵੇਗਾ।
3. ਉਮੀਦਵਾਰਾਂ ਨੂੰ ਦਾਖਲਾ ਕਾਰਡ ਲੈਣ ਲਈ ਚਿੱਠੀਆਂ ਵੀ ਭੇਜੀਆਂ ਗਈਆਂ ਹਨ।
4. ਜੇਕਰ ਕਿਸੇ ਉਮੀਦਵਾਰ ਨੂੰ ਦਾਖਲਾ ਕਾਰਡ ਪ੍ਰਾਪਤ ਕਰਨ ਸਬੰਧੀ ਚਿੱਠੀ ਪ੍ਰਾਪਤ ਨਹੀ ਵੀ ਹੁੰਦੀ ਤਾਂ ਵੀ ਉਮੀਦਵਾਰ ਮਿਤੀ 31.01.2011 ਨੂੰ ਸਵੇਰੇ 8 ਵਜੇ ਪੁਲਿਸ ਲਾਈਨ ਹਾਜਰ ਆ ਕੇ ਆਪਣਾ ਦਾਖਲਾ ਕਾਰਡ ਪ੍ਰਾਪਤ ਕਰ ਸਕਦਾ ਹੈ।
5. ਮਿਤੀ 31.01.2011 ਨੂੰ ਉਮੀਦਵਾਰ ਨੂੰ ਉਸ ਦੀ ਸਰੀਰਕ ਕੁਸ਼ਲਤਾ/ਪਰਖ ਟੈਸਟ ਦੀ ਮਿਤੀ ਬਾਰੇ ਵੀ ਦਸਿਆ ਜਾਵੇਗਾ।
6. ਮਿਤੀ 1 ਫਰਵਰੀ 2011 ਤੋਂ 5 ਫਰਵਰੀ 2011 ਤੱਕ ਰੋਜਾਨਾਂ 1500 ਉਮੀਦਵਾਰਾਂ ਦਾ ਸ਼ਰੀਰਕ ਕੁਸ਼ਲਤਾ ਟੈਸਟ ਪੁਲਿਸ ਲਾਈਨ ਹੁਸ਼ਿਆਰਪੁਰ ਵਿੱਖੇ ਹੋਵੇਗਾ। ਸਾਬਕਾ ਫੋਜੀਆਂ ਦਾ ਸ਼ਰੀਰਕ ਕੁਸ਼ਲਤਾ ਟੈਸਟ ਕੇਵਲ 5 ਫਰਵਰੀ 2011 ਨੂੰ ਹੀ ਹੋਵੇਗਾ।
7. ਉਮੀਦਵਾਰ ਆਪਣੀ ਇਕ ਪਾਸਪੋਰਟ ਸਾਈਜ ਦੀ ਫੋਟੋ ਵੀ ਨਾਲ ਲੈ ਕੇ ਆਉਣ।
8. ਜਿਹੜੇ ਵੀ ਉਮੀਦਵਾਰ ਵਿਦਿਅਕ ਯੋਗਤਾ ਅਤੇ ਕੱਦ ਦੇ ਮੈਰਿਟ ਲਿਸਟ ਦੇ ਹਿਸਾਬ ਨਾਲ ਇੰਟਰਵੀਊ ਲਈ ਬੁਲਾਏ ਜਾਣਗੇ ਉਸਦਾ ਨਤੀਜਾ ਮਿਤੀ 06/02/2011 ਨੂੰ ਨੋਟਿਸ ਬੋਰਡ ਪੁਲਿਸ ਲਾਈਨ ਹੁਸ਼ਿਆਰਪੁਰ ਅਤੇ ਵੈਬਸਾਈਟ www.hoshiarpurpolice.com ਤੇ ਦੇਖਿਆਂ ਜਾ ਸਕਦਾ ਹੈ। ਇਸ ਸਬੰਧ ਵਿਚ ਵੱਖਰੇ ਤੋਰ ਤੇ ਕੋਈ ਵੀ ਸੂਚਨਾਂ ਨਹੀ ਭੇਜੀ ਜਾਵੇਗੀ।
9. ਭਰਤੀ ਸਬੰਧੀ ਕਿਸੇ ਵੀ ਤਰਾਂ ਦੀ ਹੋਰ ਜਾਣਕਾਰੀ ਲਈ ਭਰਤੀ ਬੋਰਡ ਹੁਸ਼ਿਆਰਪੁਰ ਦੇ ਟੈਲੀਫੋਨ ਨੰਬਰ 01882-247506, 247508 ਅਤੇ 95929-12570 ਅਤੇ ਵੈਬਸਾਈਟ www.hoshiarpurpolice.com ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।
10. ਦਲਾਲਾਂ ਤੋਂ ਸਾਵਧਾਨ ਰਹਿਣ ਦੀ ਹਦਾਇਤ ਕੀਤੀ ਜਾਂਦੀ ਹੈ।